a2zpapers.com

Sr. No. 1276

Exam.Code : 110101
Subject Code : 3712

**B.Voc. Banking & Financial Services - Ist Sem.**

**(2117)**

**Paper: BVC-101(i)**

**Punjabi Compulsory**

**Time allowed: 3 hrs.** **Max. Marks: 50**

ਨੋਟ: ਸਾਰੇ ਪ੍ਰਸ਼ਨ ਕਰੋ।

1. 'ਭਰੂਣ ਹੱਤਿਆ ਦੇ ਦੇਸ਼ ਵਿੱਚ' ਨਿਬੰਧ ਦਾ ਸਾਰ ਲਿਖੋ।

ਜਾਂ

'ਏਡਜ਼ : ਇੱਕ ਗੰਭੀਰ ਸੰਕਟ' ਨਿਬੰਧ ਦਾ ਵਿਸ਼ਾ-ਵਸਤੂ ਬਿਆਨ ਕਰੋ। (10)

2. ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਖਨਗਾਹੀਂ ਦੀਵਾ ਬਾਲਦੀਏ' ਦਾ ਸਾਰ ਲਿਖੋ।

ਜਾਂ

ਪਾਸ਼ ਦੀ ਕਵਿਤਾ 'ਸਭ ਤੋਂ ਖ਼ਤਰਨਾਕ' ਦਾ ਵਿਸ਼ਾ-ਵਸਤੂ ਬਿਆਨ ਕਰੋ। (10)

3. ਹੇਠ-ਲਿਖਿਆਂ ਵਿਸ਼ਿਆਂ ਵਿੱਚੋਂ ਕਿਸੇ ਇਕ ਤੇ ਪੈਰ੍ਹਾ ਰਚਨਾ ਕਰੋ:-

   ੳ) ਪ੍ਰਦੂਸ਼ਣ

   ਅ) ਇੰਟਰਨੈੱਟ

   ੲ) ਪੁਸਤਕਾਂ ਦੀ ਮਹੱਤਤਾ (5)

4. ਹੇਠ-ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :-

   ਮਿੱਠਤ ਨਾਲ ਅਸੀਂ ਕਈ ਕੰਮ ਕੱਢ ਸਕਦੇ ਹਾਂ, ਲੋਕਾਂ ਕੋਲੋਂ ਸਤਿਕਾਰ ਤੇ ਪ੍ਰਸੰਸਾ ਪ੍ਰਾਪਤ ਕਰਦੇ ਹਾਂ ਤੇ ਉਨ੍ਹਾਂ ਉੱਤੇ ਆਪਣੇ ਸ਼ੁਭ ਆਚਰਨ ਦਾ ਪ੍ਰਭਾਵ ਪਾ ਸਕਦੇ ਹਾਂ। ਇਸਦੇ ਉਲਟ ਕੌੜਾ ਬੋਲਣਾ ਇੱਕ ਅਜਿਹਾ ਔਗੁਣ ਹੈ ਜਿਸਦੇ ਹੇਠਾਂ ਮਨੁੱਖ ਦੇ ਸ਼ੁਭ ਗੁਣ ਵੀ ਢੱਕੇ ਜਾਂਦੇ ਹਨ। ਕੌੜਾ ਬੋਲਣ ਵਾਲੇ ਤੋਂ ਲੋਕ ਦੂਰ ਦੂਰ ਰਹਿੰਦੇ ਹਨ। ਅਜਿਹਾ ਬੰਦਾ ਭਾਵੇਂ ਕਿੰਨਾ ਅਮੀਰ ਤੇ ਗਿਆਨਵਾਨ ਹੋਵੇ ਜਾਂ ਕਿਸੇ ਉੱਚੀ ਪੱਦਵੀ ਉੱਤੇ ਹੋਵੇ, ਉਹ ਲੋਕਾਂ ਵਿੱਚ ਦਿਲੀ ਆਦਰ ਪ੍ਰਾਪਤ ਨਹੀਂ ਕਰ ਸਕਦਾ। ਸਭ ਲੋਕ ਮਿੱਠਤ ਦੇ ਗਾਹਕ ਹਨ ਤੇ ਸਾਰੇ ਹੀ ਕੌੜੀ ਚੀਜ਼ ਨੂੰ ਥੁੱਕ ਦੇਂਦੇ ਹਨ। ਕੌੜੇ, ਫਿੱਕੇ ਤੇ ਖਰ੍ਹਵੇ ਬੋਲ ਅਤੇ ਵਿੰਨ੍ਹਵੀਂ

PTO

www.a2zpapers.com www.a2zpapers.com
Download free old Question papers gndu, ptu hp board, punjab board

a2zpapers.com



ਟੋਕਾ-ਟੋਕੀ ਤੇ ਆਲੋਚਨਾ ਹਰ ਕਿਸੇ ਦਾ ਦਿਲ ਲੂੰਹਦੀ ਹੈ ਤੇ ਇਨ੍ਹਾਂ ਦਾ ਅਸਰ ਸਦੀਵੀ ਹੁੰਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਤਲਵਾਰ ਦਾ ਫੱਟ ਮਿਲ ਜਾਂਦਾ ਹੈ ਪਰ ਜ਼ਬਾਨ ਦਾ ਫੱਟ ਕਦੀ ਨਹੀਂ ਮਿਟਦਾ।

ੳ) ਕਿਸ ਗੁਣ ਨਾਲ ਲੋਕਾਂ ਤੋਂ ਕੰਮ ਕਢਾਇਆ ਜਾ ਸਕਦਾ ਹੈ?

ਅ) ਸਾਰੇ ਲੋਕ ਕਿਸ ਔਗੁਣ ਤੇ ਥੁੱਕਦੇ ਹਨ?

ੲ) ਕਿਸਦਾ ਫੱਟ ਮਿਟ ਜਾਂਦਾ ਹੈ ਤੇ ਕਿਸਦਾ ਨਹੀਂ ਮਿਟਦਾ?

ਸ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਉ।

ਹ) ਲਕੀਰੇ ਸ਼ਬਦਾਂ ਦੇ ਅਰਥ ਲਿਖੋ। (5)

5. ਵਿਅੰਜਨ ਕਿਸਨੂੰ ਆਖਦੇ ਹਨ? ਵਿਅੰਜਨ ਧੁਨੀਆਂ ਦਾ ਵਰ੍ਗੀਕਰਨ ਕਿੰਨ੍ਹਾਂ ਆਧਾਰਾਂ ਤੇ ਕੀਤਾ ਜਾ ਸਕਦਾ ਹੈ?

ਜਾਂ

ਭਾਸ਼ਾ ਵੰਨਗੀਆਂ ਤੋਂ ਕੀ ਭਾਵ ਹੈ? ਭਾਸ਼ਾ ਵੰਨਗੀਆਂ ਦੇ ਵੱਖ-ਵੱਖ ਆਧਾਰ ਬਿਆਨ ਕਰੋ। (10)

6. ਕੋਈ ਦੋ ਪ੍ਰਸ਼ਨ ਕਰੋ:-

ੳ) ਮਾਤ ਭਾਸ਼ਾ ਉੱਪਰ ਇੱਕ ਪੈਰ੍ਹਾ ਲਿਖੋ।

ਅ) ਮਾਤ ਭਾਸ਼ਾ ਨੂੰ ਪਹਿਲੀ ਭਾਸ਼ਾ ਦੇ ਤੌਰ ਤੇ ਕਿਉਂ ਪੜ੍ਹਾਇਆ ਜਾਂਦਾ ਹੈ?

ੲ) ਦੂਜੀ ਭਾਸ਼ਾ ਦੇ ਤੌਰ ਤੇ ਅਧਿਆਪਨ ਦੇ ਮਹੱਤਵ ਬਾਰੇ ਜਾਣਕਾਰੀ ਦਿਉ।

ਸ ਦੂਜੀ ਭਾਸ਼ਾ ਕੀ ਹੁੰਦੀ ਹੈ? (2x5=10)

*********



www.a2zpapers.com www.a2zpapers.com
Download free old Question papers gndu, ptu hp board, punjab board